ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ
ਐਸ.ਸੀ.ਓ. ਨੰਬਰ 49, ਸੈਕਟਰ 17-ਈ, ਚੰਡੀਗੜ੍ਹ।
(ਜਨਰਲ ਸ਼ਾਖਾ)

ਸੇਵਾ ਵਿਖੇ

ਸਮੂਹ ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ,
ਪੰਜਾਬ ਰਾਜ ਵਿੱਚ;

ਪੱਤਰ ਨੰਬਰ: 13/507/2005/ਜੀ-2/ 7027-46
ਚੰਡੀਗੜ੍ਹ, ਮਿਤੀ 15-2-10

ਵਿਸ਼ਾ:- ਗਰਾਮ ਪੰਚਾਇਤਾਂ ਵਿੱਚ ਕਾਨੂੰਨ ਅਨੁਸਾਰ ਪ੍ਰਬੰਧਕ ਲਗਾਉਣ ਸਬੰਧੀ।

ਹਵਾਲਾ:- ਇਸ ਦਫ਼ਤਰ ਦਾ ਪੱਤਰ ਨੰਬਰ 13/507/2005/ਜੀ-2/17362-17381, ਮਿਤੀ 9-9-2009

1) ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰਬਰ 12339 ਸਾਲ 2009 ਵਿੱਚ ਮਿਤੀ 21-8-2009 ਨੂੰ ਕੀਤੇ ਹੁਕਮਾਂ ਦੀ ਪਾਲਣਾ ਵਿੱਚ ਹਵਾਲੇ ਵਿੱਚ ਦਰਸਾਏ ਪੱਤਰ ਰਾਹੀਂ ਆਪ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਅਤੇ ਇਸ ਤੋਂ ਇਲਾਵਾ ਆਪ ਨੂੰ ਮਾਨਯੋਗ ਹਾਈਕੋਰਟ ਦੇ ਉਪਰੋਕਤ ਹੁਕਮਾਂ ਦੀ ਕਾਪੀ ਭੇਜੀ ਗਈ ਸੀ।

2) ਇਸ ਸਬੰਧ ਵਿੱਚ ਇਹ ਮਹਿਸੂਸ ਕੀਤਾ ਗਿਆ ਹੈ ਕਿ ਆਪ ਵੱਲੋਂ ਨਾ ਹੀ ਮਾਨਯੋਗ ਹਾਈਕੋਰਟ ਵੱਲੋਂ ਮਿਤੀ 21-8-2009 ਨੂੰ ਕੀਤੇ ਫੈਸਲੇ ਨੂੰ ਸਮਝਿਆ ਗਿਆ ਹੈ ਅਤੇ ਨਾ ਹੀ ਇਸ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੂੰ ਸਮਝਿਆ ਗਿਆ ਹੈ ਅਤੇ ਇਸ ਸਬੰਧ ਵਿੱਚ ਇਕ ਅਸਮਝਸ ਦੀ ਸਥਿਤੀ ਬਣ ਗਈ ਹੈ ਅਤੇ ਇਹ ਸਮਝਿਆ ਜਾ ਰਿਹਾ ਹੈ ਕਿ ਗਰਾਮ ਪੰਚਾਇਤ ਵਿੱਚ ਪ੍ਰਬੰਧਕ ਦੀ ਨਿਯੁਕਤੀ ਕੀਤੀ ਹੀ ਨਹੀਂ ਜਾ ਸਕਦੀ, ਜਦੋਂ ਕਿ ਇਹ ਸਥਿਤੀ ਸਹੀ ਨਹੀਂ ਹੈ।

3) ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 200 ਅਧੀਨ ਗਰਾਮ ਪੰਚਾਇਤ ਵਿੱਚ ਪ੍ਰਬੰਧਕ ਦੀ ਨਿਯੁਕਤੀ ਕਰਨ ਲਈ ਆਪ ਸਮਰੱਥ ਅਧਿਕਾਰੀ ਹੋ ਅਤੇ ਵੇਖਣ ਅਤੇ ਸਮਝਣ ਵਾਲੀ ਕੇਵਲ ਇਹੋ ਗਲ ਹੈ ਕਿ ਗਰਾਮ ਪੰਚਾਇਤ ਵਿੱਚ ਜਦੋਂ ਵੀ ਪ੍ਰਬੰਧਕ ਲਗਾਇਆ ਜਾਵੇ ਤਾਂ ਉਹ ਇਸ ਧਾਰਾ ਵਿੱਚ ਦਰਜ਼ ਸ਼ਰਤਾਂ ਪੂਰੀਆਂ ਹੁੰਦੀਆਂ ਹੋਣ।

4) ਇਸ ਧਾਰਾ ਅਧੀਨ ਗਰਾਮ ਪੰਚਾਇਤ ਵਿੱਚ ਪ੍ਰਬੰਧਕ ਲਗਾਉਣ ਦੀ ਪਹਿਲੀ ਸ਼ਰਤ ਇਹ ਹੈ ਕਿ ਕਿਸੇ ਪੰਚਾਇਤੀ ਕੰਮ ਨੂੰ ਕਰਵਾਉਣ ਲਈ ਪੂਰੀ ਦੀ ਪੂਰੀ ਗਰਾਮ ਪੰਚਾਇਤ ਅਸਮਰੱਥ ਰਹੀ ਹੋਵੇ। ਇਸ ਪ੍ਰਕਾਰ ਇਹ ਯਕੀਨੀ ਬਣਾਉਣਾ ਹੈ ਕਿ ਕਿਸੇ ਵੀ ਪੰਚਾਇਤੀ ਕੰਮ ਨੂੰ ਕਰਵਾਉਣ ਲਈ ਗਰਾਮ

5) ਜਿਹੜੀ ਵੀ ਗਰਾਮ ਪੰਚਾਇਤ ਵਿੱਚ ਆਪ ਨੂੰ ਇਹ ਪਤਾ ਲਗਦਾ ਹੈ ਕਿ ਕਿਸੇ ਵੀ ਕਾਰਨ ਦੀ ਵਜ੍ਹਾ ਕਾਰਨ ਪੰਚਾਇਤ ਵਿੱਚ ਪੰਚਾਇਤੀ ਕੰਮ ਕਰਾਉਣ ਲਈ ਗਰਾਮ ਪੰਚਾਇਤ ਦਾ ਸਰਪੰਚ ਅਸਮਰੱਥ ਹੈ ਤਾਂ ਅਜਿਹੀ ਸਥਿਤੀ ਵਿੱਚ ਉਹ ਪੰਚਾਇਤੀ ਕੰਮ ਕਰਵਾਉਣ ਲਈ ਮੁਕੰਮਲ ਗਰਾਮ ਪੰਚਾਇਤ ਨੂੰ ਮਿੱਥੇ ਸਮੇਂ ਦੇ ਵਿੱਚ ਕੰਮ ਕਰਾਉਣ ਲਈ ਜਾਂ ਕੰਮ ਸ਼ੁਰੂ ਕਰਾਉਣ ਲਈ ਨੋਟਿਸ ਜਾਰੀ ਕੀਤਾ ਜਾਵੇ।

6) ਆਪ ਵੱਲੋਂ ਜਾਰੀ ਕੀਤੇ ਨੋਟਿਸ ਦਾ ਸਮਾਂ ਖਤਮ ਹੋਣ ਉਪਰੰਤ ਜੇਕਰ ਫੇਰ ਵੀ ਸਬੰਧਤ ਗਰਾਮ ਪੰਚਾਇਤ ਉਨ੍ਹਾਂ ਨੂੰ ਸੌਂਪੇ ਗਏ ਪੰਚਾਇਤੀ ਕੰਮ ਕਰਾਉਣ ਵਿੱਚ ਅਸਮਰੱਥ ਰਹੀ ਹੈ ਤਾਂ ਅਜਿਹੀ ਸਥਿਤੀ ਵਿੱਚ ਇਸ ਕਾਰਜ ਨੂੰ ਕਰਵਾਉਣ ਲਈ ਜੇਕਰ ਆਪ ਯੋਗ ਸਮਝਦੇ ਹੋ ਤਾਂ ਆਪ ਆਪਣੇ ਪੱਧਰ ਤੇ ਪ੍ਰਬੰਧਕ ਲਗਾਉਣ ਦਾ ਫੈਸਲਾ ਲੈ ਸਕਦੇ ਹੋ।

ਡਾਇਰੇਕਟਰ, ਪੇਂਡੂ ਵਿਕਾਸ ਅਤੇ ਪੰਚਾਇਤ,
ਪੰਜਾਬ, ਚੰਡੀਗੜ੍ਹ।